# ਮੇਰਾ ਘਰ ਕਿੰਨਾ ਸੁਰੱਖਿਅਤ ਹੈ?
## ਨਿਯਮ ਅਤੇ ਸ਼ਰਤਾਂ

Neighbourhood Watch Victoria Inc (ਨੇਬਰਹੁੱਡ ਵਾਚ ਵਿਕਟੋਰੀਆ ਇੰਕ) ਇੱਕ ਗੈਰ-ਲਾਭਕਾਰੀ, ਕਮਿਊਨਿਟੀ-ਅਗਵਾਈ ਵਾਲੀ ਸੰਸਥਾ ਹੈ, ਜੋ ਕਿ ਅਪਰਾਧ ਨੂੰ ਰੋਕਣ ਅਤੇ ਮਜ਼ਬੂਤ, ਵਧੇਰੇ ਜੁੜੇ ਹੋਏ, ਭਾਈਚਾਰਿਆਂ ਨੂੰ ਬਣਾਉਣ ਦੇ ਉਦੇਸ਼ ਨਾਲ ਵਿਕਟੋਰੀਆ ਪੁਲਿਸ ਨਾਲ ਮਿਲਕੇ ਸਾਂਝੇਦਾਰੀ ਵਿੱਚ ਕੰਮ ਕਰਦੀ ਹੈ।

How Safe Is My Place ਪ੍ਰੋਗਰਾਮ ਨੂੰ ਕਮਿਊਨਿਟੀ ਪ੍ਰਤੀ ਸ਼ਿਸ਼ਟਾਚਾਰ ਲਈ ਅਤੇ ਸਿੱਖਿਆ ਅਤੇ ਜਾਗਰੂਕਤਾ ਦੇ ਉਦੇਸ਼ਾਂ ਲਈ ਤਿਆਰ ਕੀਤਾ ਗਿਆ ਹੈ। ਇਹ ਸੁਧਾਰ ਲਈ ਦਿੱਤੀਆਂ ਸਿਫ਼ਾਰਸ਼ਾਂ ਮਾਹੌਲ ਡਿਜ਼ਾਈਨ ਰਾਹੀਂ ਅਪਰਾਧ ਦੀ ਰੋਕਥਾਮ (Crime Prevention Through Environmental Design CPTED) 'ਤੇ ਅਧਾਰਤ ਹਨ ਜਿਨ੍ਹਾਂ ਨੂੰ ਸੁਰੱਖਿਆ, ਕਾਨੂੰਨ ਨੂੰ ਲਾਗੂ ਕਰਨ ਅਤੇ ਆਰਕੀਟੈਕਚਰਲ ਉਦਯੋਗਾਂ ਵਿੱਚ ਵਿਆਪਕ ਤੌਰ 'ਤੇ ਮਾਨਤਾ ਪ੍ਰਾਪਤ ਹੈ, ਅਤੇ ਇਹ ਵਿਕਟੋਰੀਆ ਪੁਲਿਸ ਅਤੇ ਹੋਰ ਮੁੱਖ ਏਜੰਸੀਆਂ ਦੀ ਸਲਾਹ 'ਤੇ ਕੀਤੀਆਂ ਗਈਆਂ ਹਨ।

ਕੋਈ ਵੀ ਵਿਅਕਤੀ ਜੋ:

- How Safe Is My House ਪ੍ਰਸ਼ਨਾਵਲੀ ਨੂੰ ਪੂਰਾ ਕਰਦਾ ਹੈ;
- ਪ੍ਰਸ਼ਨਾਵਲੀ ਨੂੰ ਪੂਰਾ ਕਰਨ ਵਾਲੇ ਲੋਕਾਂ ਲਈ ਪਹੁੰਚਯੋਗ ਨਿੱਜੀ ਰਿਪੋਰਟ ਵਿੱਚ ਸ਼ਾਮਲ ਸੁਰੱਖਿਆ ਸੁਝਾਵਾਂ ਦੀ ਪਾਲਣਾ ਕਰਦਾ ਹੈ; ਜਾਂ;
- How Safe Is My Place ਜਾਂ ਨੇਬਰਹੁੱਡ ਵਾਚ ਵਿਕਟੋਰੀਆ ਵੈੱਬਸਾਈਟਾਂ ਜਾਂ HSIMP ਐਪ ਵਿੱਚ ਦਿੱਤੀਆਂ ਸਿਫ਼ਾਰਸ਼ਾਂ ਅਤੇ ਸੁਝਾਵਾਂ ਦੀ ਵਰਤੋਂ ਕਰਦਾ ਹੈ;

ਇਹ ਸਵੀਕਾਰਦਾ ਹੈ ਕਿ ਭਾਈਚਾਰੇ ਲਈ ਕਿਸੇ ਵੀ ਇਲਾਕੇ ਨੂੰ ਪੂਰੀ ਤਰ੍ਹਾਂ ਸੁਰੱਖਿਅਤ ਬਣਾਉਣਾ ਜਾਂ ਉਹਨਾਂ ਦੀ ਜਾਇਦਾਦ ਨੂੰ ਪੂਰੀ ਤਰ੍ਹਾਂ ਸੁਰੱਖਿਅਤ ਬਣਾਉਣਾ ਸੰਭਵ ਨਹੀਂ ਹੈ।

ਨੇਬਰਹੁੱਡ ਵਾਚ ਵਿਕਟੋਰੀਆ ਨੂੰ ਉਮੀਦ ਹੈ ਕਿ ਇਹ ਪ੍ਰਸ਼ਨਾਵਲੀ ਅਤੇ ਐਪ ਦੀ ਵਰਤੋਂ ਕਰਕੇ, ਅਤੇ ਇਹ ਜਾਣ ਕੇ ਕਿ ਤੁਸੀਂ ਆਪਣੇ ਘਰ ਜਾਂ ਸੰਪਤੀ ਦੇ ਆਲੇ-ਦੁਆਲੇ ਸੁਰੱਖਿਆ ਨੂੰ ਬਿਹਤਰ ਬਣਾਉਣ ਲਈ ਕੀ ਕਰ ਸਕਦੇ ਹੋ, ਇਸ ਨਾਲ ਅਪਰਾਧਿਕ ਗਤੀਵਿਧੀ ਘਟੇਗੀ, ਅਤੇ ਭਾਈਚਾਰਕ ਸੁਰੱਖਿਆ ਅਤੇ ਸੰਪਤੀ ਦੀ ਸੁਰੱਖਿਆ ਵਧੇਗੀ।

ਹਾਲਾਂਕਿ ਅਪਰਾਧਿਕ ਗਤੀਵਿਧੀਆਂ ਹੋਣ ਦੇ ਮੌਕਿਆਂ ਨੂੰ ਘਟਾਉਣ ਲਈ ਵਾਜਬ ਸਾਧਨਾਂ ਨੂੰ ਸ਼ਾਮਲ ਕਰਨ ਲਈ ਹਰ ਕੋਸ਼ਿਸ਼ ਕੀਤੀ ਗਈ ਹੈ, ਇਸ ਗੱਲ ਦੀ ਕੋਈ ਸਪੱਸ਼ਟ ਜਾਂ ਅਪ੍ਰਤੱਖ ਗਾਰੰਟੀ ਨਹੀਂ ਹੈ ਕਿ ਜੇਕਰ ਇਨ੍ਹਾਂ ਸੁਝਾਵਾਂ ਦੀ ਪਾਲਣਾ ਕੀਤੀ ਜਾਂਦੀ ਹੈ ਅਤੇ ਇਨ੍ਹਾਂ ਨੂੰ ਲਾਗੂ ਕੀਤਾ ਜਾਂਦਾ ਹੈ ਤਾਂ "ਸਥਾਨ" ਜਾਂ ਸੰਪਤੀ ਅਪਰਾਧਿਕ ਗਤੀਵਿਧੀਆਂ ਤੋਂ ਮੁਕਤ ਹੋਵੇਗੀ।